Exam. Code : 103203
Subject Code : 1153

**B.A./B.Sc. 3rd Semester (Batch 2020-23)**

**MUDHLI PUNJABI (In Lieu of Compulsory Punjabi)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ—ੳ**

1. ਪੈਰ੍ਹਾ ਪੜ੍ਹ ਕੇ ਪ੍ਰਸ਼ਨ ਦੇ ਉੱਤਰ ਲਿਖੋ :

ਬੋਲਣ ਵਿੱਚ ਸਰੀਰ ਦੀ ਸ਼ਕਤੀ ਖ਼ਰਚ ਹੁੰਦੀ ਹੈ ਤੇ ਇਸ ਸ਼ਕਤੀ ਨੂੰ ਜਿੰਨਾਂ ਬਚਾ ਕੇ ਰੱਖਿਆ ਜਾਏ, ਉਨਾਂ ਹੀ ਫ਼ਾਇਦਾ ਹੈ। ਮਹਾਤਮਾ ਗਾਂਧੀ ਜੀ ਹਫ਼ਤੇ ਵਿੱਚ ਇਕ ਦਿਨ ਮੋਨ ਵਰਤ ਰੱਖਿਆ ਕਰਦੇ ਸਨ ਤੇ ਅਚਾਰੀਆ ਵਿਨੋਬਾ ਭਾਵੇ ਵੀ ਕਈ-ਕਈ ਦਿਨ ਚੁੱਪ ਰਹਿੰਦੇ ਸਨ। ਘੱਟ ਬੋਲਣ ਵਾਲੇ ਮਨੁੱਖਾਂ ਨੂੰ ਲੋਕ ਬੜੇ ਧਿਆਨ ਨਾਲ ਸੁਣਦੇ ਹਨ ਤੇ ਉਨ੍ਹਾਂ ਦੇ ਬੋਲਾਂ ਦੀ ਕਦਰ ਕਰਦੇ ਹਨ। ਕਊਏ ਦੀ ਲਗਾਤਾਰ 'ਕਾਂ-ਕਾਂ' ਲੋਕਾਂ ਦਾ ਸਿਰ ਖਾਂਦੀ ਹੈ ਤੇ ਲੋਕ ਉਸ ਨੂੰ ਸੁਣਨਾ ਪਸੰਦ ਨਹੀਂ ਕਰਦੇ, ਜਦਕਿ ਕੋਇਲ

ਦੀ ਕਦੇ-ਕਦੇ ਕੀਤੀ 'ਕੂਹੂ-ਕੂਹੂ' ਲੋਕਾਂ ਨੂੰ ਸੁਰੀਲੀ ਤੇ ਪਿਆਰੀ ਲੱਗਦੀ ਹੈ। ਚੁੱਪ ਰਹਿਣ ਵਾਲਾ ਤੇ ਸਮੇਂ ਸਿਰ ਬੋਲਣ ਵਾਲਾ ਗਹਿਰ-ਗੰਭੀਰ ਤੇ ਸਿਆਣਾ ਸਮਝਿਆ ਜਾਂਦਾ ਹੈ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਬੋਲਣ ਨਾਲ ਕਿਹੜੀ ਸ਼ਕਤੀ ਖ਼ਰਚ ਹੁੰਦੀ ਹੈ ?

(ਅ) ਗਾਂਧੀ ਜੀ ਕਿਹੜਾ ਵਰਤ ਰੱਖਦੇ ਸਨ ?

(ੲ) ਲੋਕ ਕਿਸ ਪੰਛੀ ਦੀ ਅਵਾਜ਼ ਪਸੰਦ ਨਹੀਂ ਕਰਦੇ ?

(ਸ) ਚੁੱਪ ਰਹਿਣ ਵਾਲੇ ਨੂੰ ਕੀ ਸਮਝਿਆ ਜਾਂਦਾ ਹੈ ?

(ਹ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦੱਸੋ। 2×5=10

2. ਹੇਠ ਲਿਖੇ ਪੈਰ੍ਹੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ :

Games and the sports are an essential part of education. Education is incomplete without them. Every boy and girl ought to take part in one or the other game. Sports strengthen our body and make us active. They keep us healthy. They teach is several lessons, for examples, punctuality, discipline, patience and hopefullness. Those boys who keep away from sports often remain sick. 10



## ਭਾਗ—ਅ

3. 'ਅੰਬੀ ਦਾ ਬੂਟਾ' ਕਵਿਤਾ ਦਾ ਸਾਰ ਲਿਖੋ। 10

4. 'ਸ਼ੇਰ ਪੰਜਾਬ ਦੀ' ਕਵਿਤਾ ਦਾ ਸਾਰ ਲਿਖੋ। 10

## ਭਾਗ—ੲ

5. 'ਸਾਂਝੀ ਕੰਧ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 10

6. 'ਭੂਆ' ਕਹਾਣੀ ਦਾ ਸਾਰ ਲਿਖੋ। 10

## ਭਾਗ—ਸ

7. 'ਖ਼ੁਸ਼ਾਮਦੀ ਨਾਲ' ਨਿਬੰਧ ਦਾ ਸਾਰ ਲਿਖੋ। 10

8. 'ਆਓ, ਗੱਲਾਂ ਕਰੀਏ' ਨਿਬੰਧ ਦਾ ਵਿਸ਼ਾ-ਵਸਤੂ ਲਿਖੋ। 10